ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)
ਫੋਨ ਨੰ: 0172-2212221, ਈ.ਮੇਲ: scertaffiliation@punjabeducation.gov.in

ਹੁਕਮ ਨੰ: ਈ. 684052 (ਐਫੀਲਿਏਸ਼ਨ)
ਮਿਤੀ : ਐੱਸ.ਏ.ਐੱਸ. ਨਗਰ 23-04-2024

ਰਾਜ ਅੰਦਰ 15 ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਡਾਇਟਾਂ) ਅਤੇ 109 ਪ੍ਰਾਈਵੇਟ ਸੈਲਫ਼ ਫਾਇਨਾਂਸਡ ਕਾਲਜਾਂ ਵਿੱਚ ਸੈਸ਼ਨ 2022-24 ਸਾਲ ਦੂਜਾ ਲਈ ਡੀ.ਐੱਲ.ਐੱਡ. ਦਾ ਕੋਰਸ ਕਰਵਾਇਆ ਜਾ ਰਿਹਾ ਹੈ।

ਕੋਰਸ ਕਰ ਰਹੇ ਸਿੱਖਿਆਰਥੀਆਂ ਨੂੰ ਭਵਿੱਖ ਵਿੱਚ ਚੰਗੇ ਅਧਿਆਪਕ ਬਣਾਉਣ ਲਈ ਅਤੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਵਾਸਤੇ ਵੱਧ ਤੋਂ ਵੱਧ ਸਮਾਂ ਟੀਚਿੰਗ ਪ੍ਰੈਕਟਿਸ ਲਈ ਦਿੱਤਾ ਜਾਣਾ ਹੈ ਤਾਂ ਜੋ ਇਹ ਸਿੱਖਿਆਰਥੀ ਭਵਿੱਖ ਵਿੱਚ ਵਧੀਆ ਅਧਿਆਪਕ ਬਣ ਸਕਣ ਅਤੇ ਸਕੂਲਾਂ ਦੇ ਕੰਮਾਂ-ਕਾਰਾਂ ਵਿੱਚ ਹਰ ਪੱਖ ਤੋਂ ਜਾਣੂ ਹੋ ਸਕਣ। ਡੀ.ਐਲ.ਐਡ. ਕੋਰਸ ਸੈਸ਼ਨ 2022-24 ਸਾਲ ਦੂਜਾ ਦੇ ਸਿੱਖਿਆਰਥੀ ਆਪਣੀ ਟੀਚਿੰਗ ਪ੍ਰੈਕਟਿਸ ਪ੍ਰਾਇਮਰੀ/ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਲੱਗਭੱਗ 16 ਹਫਤੇ ਹੇਠ ਲਿਖੇ ਅਨੁਸਾਰ ਲਗਾਉਣਗੇ:

1. ਡੀ.ਐਲ.ਐਡ. ਸੈਸ਼ਨ 2022-24 ਸਾਲ ਦੂਜਾ ਦੀਆਂ ਕਲਾਸਾਂ ਮਿਤੀ 05.02.2024 ਤੋਂ ਸ਼ੁਰੂ ਕੀਤੀਆਂ ਗਈਆਂ ਸਨ। ਡੀ.ਐਲ.ਐਡ. ਸੈਸ਼ਨ 2022-24 ਸਾਲ ਦੂਜਾ ਕਰ ਰਹੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਮਿਤੀ 02.05.2024 ਤੋਂ 25.10.2024 ਤੱਕ ਲਗਾਈ ਜਾਵੇਗੀ।
2. ਇਨ੍ਹਾਂ ਵਿਦਿਆਰਥੀਆਂ ਨੂੰ ਸਬੰਧਤ ਟੀਚਰ, ਟੀਚਿੰਗ ਪ੍ਰੈਕਟਿਸ ਲਈ ਘੱਟੋ-ਘੱਟ 2 ਮਾਡਲ ਲੈਸਨ ਦੇਣਗੇ ਅਤੇ ਛੋਟੇ - ਛੋਟੇ ਗਰੁੱਪਾਂ ਵਿੱਚ ਇਨ੍ਹਾਂ ਸਿੱਖਿਆਰਥੀਆਂ ਨੂੰ ਵੱਖ-ਵੱਖ ਸਕਿਲਜ਼ ਦੀ ਪ੍ਰੈਕਟਿਸ ਕਰਵਾਉਣਗੇ, ਇਸ ਤੋਂ ਇਲਾਵਾ ਹਰ ਸਿੱਖਿਆਰਥੀ ਹਰੇਕ ਵਿਸ਼ੇ ਦਾ ਇੱਕ Discussion Lesson ਦੇਵੇਗਾ।
3. ਟੀਚਿੰਗ ਪ੍ਰੈਕਟਿਸ ਲਈ ਹਰ ਸਿੱਖਿਆਰਥੀ ਇੱਕ ਨੋਟਬੁੱਕ ਲਗਾਵੇਗਾ ਅਤੇ ਉਸ ਵਿੱਚ ਲਿਖੇ ਹਰ ਲੈਸਨ ਪਲਾਨ ਟੀਚਰ ਐਜੂਕੇਟਰ ਤੋਂ ਚੈੱਕ ਕਰਵਾਏਗਾ। ਟੀਚਿੰਗ ਪ੍ਰੈਕਟਿਸ ਵਾਲੇ ਸਕੂਲ ਵਿੱਚ ਇਨ੍ਹਾਂ ਸਿੱਖਿਆਰਥੀਆਂ ਲਈ ਇੱਕ ਹਾਜਰੀ ਰਜਿਸਟਰ ਲਗਾਇਆ ਜਾਵੇਗਾ, ਜਿਸ ਵਿੱਚ ਸਿੱਖਿਆਰਥੀ ਸਵੇਰ ਅਤੇ ਸ਼ਾਮ ਦੀ ਆਪਣੀ ਹਾਜਰੀ ਲਗਾਉਣਾ ਯਕੀਨੀ ਬਣਾਉਣਗੇ।
4. ਸਕੂਲ ਮੁੱਖੀ ਇਨ੍ਹਾਂ ਸਿੱਖਿਆਰਥੀਆਂ ਦੀ ਹਾਜਰੀ ਟੀਚਿੰਗ ਪ੍ਰੈਕਟਿਸ ਪੂਰੀ ਹੋਣ ਉਪਰੰਤ ਤਸਦੀਕ ਕਰਕੇ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਭੇਜਣਗੇ।
5. ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਕਰਨ ਲਈ ਹਰੇਕ ਜਿਲ੍ਹੇ ਵਿੱਚ ਸਬੰਧਤ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਅਤੇ ਲੈਕਚਰਾਰ (ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ) ਦੀ ਕਮੇਟੀ ਗਠਿਤ ਕਰਕੇ ਤਰਜੀਹੀ ਅਧਾਰ ਤੇ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਵਿੱਦਿਆਰਥੀਆਂ ਵਾਲੇ ਸਕੂਲ ਅਲਾਟ ਕੀਤੇ ਜਾਣ। ਇੱਕ ਵਾਰ ਸਕੂਲ ਅਲਾਟ ਹੋਣ ਤੋਂ ਬਾਅਦ ਕੇਵਲ ਤੇ ਕੇਵਲ ਕਿਸੇ ਠੋਸ ਕਾਰਨ/ ਸਬੂਤ ਹੋਣ ਤੇ ਜਾਂ ਵਿਭਾਗ ਦੇ ਹੁਕਮਾਂ ਅਨੁਸਾਰ ਹੀ ਸਕੂਲ ਬਦਲੀ ਕੀਤਾ ਜਾ ਸਕੇਗਾ। ਸਿੱਖਿਆਰਥੀਆਂ ਨੂੰ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ ਦੀ ਅਲਾਟਮੈਂਟ ਕੀਤੇ ਜਾਣ ਨੂੰ ਤਰਜੀਹ ਦਿੱਤੀ ਜਾਵੇ।

ਚਲਦਾ ਪੰਨਾਂ...2...

6. ਸਕੂਲ ਅਲਾਟ ਕਰਨ ਤੋਂ ਪਹਿਲਾ ਇਹ ਕਮੇਟੀ ਇਹ ਸੁਨਿਸ਼ਚਿਤ ਕਰੇਗੀ ਕਿ ਸਟੇਸ਼ਨ ਅਲਾਟ ਕਰਦੇ ਸਮੇਂ ਹੇਠ ਲਿਖੇ ਅਨੁਸਾਰ criteria ਬਣਾਇਆ ਜਾਵੇ:

70% of the marks obtained in 10+2

10 marks for graduation

10 marks for Female Candidates

10 Marks for handicapped (As per Punjab Government rules)

7. ਸਕੂਲ ਅਲਾਟ ਕਰਨ ਸਮੇਂ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਜ਼ਿਲ੍ਹੇ ਅੰਦਰ ਚੱਲ ਰਹੇ ਸੈਲਫ ਫਾਇਨਾਂਸਡ ਕਾਲਜ ਦੇ ਵਿੱਦਿਆਰਥੀਆਂ ਦੀ ਸਕੂਲ ਅਲਾਟਮੈਂਟ ਵੀ DIET ਦੇ ਵਿਦਿਆਰਥੀਆਂ ਦੇ ਨਾਲ ਹੀ ਹੋ ਰਹੀ ਹੈ। ਕਿਸੇ ਵੀ ਸੈਲਫ ਫਾਇਨਾਂਸਡ ਕਾਲਜ ਦੇ ਵਿਦਿਆਰਥੀ ਨੂੰ ਅਲੱਗ ਤੋਂ ਅਲਾਟਮੈਂਟ ਨਹੀਂ ਕੀਤੀ ਜਾਵੇਗੀ। ਅਲਾਟਮੈਂਟ ਦੌਰਾਨ ਜੇਕਰ ਕਿਸੇ ਸੈਲਫ ਫਾਇਨਾਂਸਡ ਕਾਲਜ ਦਾ ਵਿਦਿਆਰਥੀ ਸਕੂਲ ਅਲਾਟਮੈਂਟ ਤੋਂ ਵਾਂਝਾ ਰਹਿ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਡਾਇਟ / ਪ੍ਰਿੰਸੀਪਲ ਸੈਲਫ ਫਾਇਨਾਂਸਡ ਕਾਲਜ ਦੀ ਹੋਵੇਗੀ।

8. ਸਿੱਖਿਆਰਥੀ ਆਪਣੇ ਦਾਖਲੇ ਵਾਲੇ ਕਾਲਜ ਦੇ ਜ਼ਿਲ੍ਹੇ ਤੋਂ ਆਪਣੇ ਪਿੱਤਰੀ ਜ਼ਿਲ੍ਹੇ (Home District) ਨੂੰ (ਜਿਸ ਜ਼ਿਲ੍ਹੇ ਦਾ ਵਾਸੀ ਹੈ) ਟੀਚਿੰਗ ਪ੍ਰੈਕਟਿਸ ਲਈ ਜੇਕਰ ਸੰਭਵ ਹੋਵੇਗਾ ਤਾਂ ਆਪਟ (opt) ਕਰ ਸਕਦਾ ਹੈ।

9. 30 ਵਿਦਿਆਰਥੀਆਂ ਪਿੱਛੇ ਇੱਕ ਸਿੱਖਿਆਰਥੀ ਟ੍ਰੇਨਿੰਗ ਲਈ ਭੇਜਿਆ ਜਾਵੇ।

10. ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ।

11. ਟੀਚਿੰਗ ਪ੍ਰੈਕਟਿਸ ਦਾ ਸਮਾਂ ਸਕੂਲ ਸਮਾਂ ਹੀ ਹੋਵੇਗਾ।

12. ਟੀਚਿੰਗ ਪ੍ਰੈਕਟਿਸ ਦੇ ਅੰਤ ਵਿੱਚ ਸਕੂਲ ਮੁੱਖੀ ਅਤੇ ਸਬੰਧਤ ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਕਾਇਦਾ ਇਹ ਤਸਦੀਕ ਕਰਨਗੇ ਕਿ ਇਨ੍ਹਾਂ ਵਿੱਦਿਆਰਥੀਆਂ ਦੇ ਸਿੱਖਣ-ਪੱਧਰ ਦੇ ਪੱਧਰ ਵਿੱਚ ........ ਤੋਂ ...... ਤੱਕ ਸੁਧਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਸਿੱਖਿਆਰਥੀਆਂ ਦਾ ਕੰਮ-ਕਾਜ ਤਸੱਲੀ ਬਖਸ਼ ਪਾਇਆ ਗਿਆ ਹੈ।

13. ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਟੀਚਿੰਗ ਪ੍ਰੈਕਟਿਸ ਦੌਰਾਨ ਸਬੰਧਤ ਜਮਾਤ ਅਧਿਆਪਕ ਅਤੇ ਸਕੂਲ ਦੇ ਅਧਿਆਪਕ ਜਿਸ ਦਾ ਪੀਰੀਅਡ ਖਾਲੀ (Free) ਹੋਵੇਗਾ ਉਹ ਅਧਿਆਪਕ ਇਨ੍ਹਾਂ ਸਿੱਖਿਆਰਥੀਆਂ ਨੂੰ ਆਬਜ਼ਰਵ ਕਰੇਗਾ ਅਤੇ ਸਿੱਖਿਆਰਥੀਆਂ ਦੀ ਨੋਟ-ਬੁੱਕ ਵਿੱਚ ਪੜ੍ਹਾਏ ਗਏ Topic ਸਬੰਧੀ ਆਪਣੀ ਟਿੱਪਣੀ ਵੀ ਲਿਖੇਗਾ।

14. ਸਕੂਲ ਮੁਖੀ ਵੱਲੋਂ ਸਿੱਖਿਆਰਥੀਆਂ ਨੂੰ ਜਮਾਤ ਦੇਣ ਵੇਲੇ ਬੱਚਿਆਂ ਦੀ ਪਹਿਲਾਂ ਜਾਂਚ ਕਰਕੇ ਹੀ ਜਮਾਤ ਜਾਂ ਪੱਧਰ ਅਨੁਸਾਰ ਬੱਚੇ ਦੇਣਗੇ ਅਤੇ ਸਿੱਖਿਆਰਥੀ ਇਨ੍ਹਾਂ ਬੱਚਿਆਂ ਨੂੰ ਟੀਚਾ ਪੂਰਾ ਕਰਵਾਉਣਗੇ। ਸਮੇਂ ਸਮੇਂ ਸਿਰ ਸਕੂਲ ਮੁਖੀ, ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਦੀ ਟੀਮ ਅਤੇ ਨਿਰੀਖਣ ਕਰਨ ਵਾਲੇ ਅਧਿਕਾਰੀ ਵੱਲੋਂ ਮੌਨੀਟਰ ਕਰਕੇ ਬੱਚਿਆਂ ਦੇ ਸਿੱਖਣ ਪੱਧਰਾਂ ਵਿੱਚ ਹੋ ਰਹੇ ਸੁਧਾਰਾਂ ਦੀ ਜਾਂਚ ਕੀਤੀ ਜਾਵੇਗੀ। ਜੇਕਰ ਬੱਚਿਆਂ ਦੇ ਪੜ੍ਹਨ ਲਿਖਣ ਵਿੱਚ ਸੁਧਾਰ ਨਹੀਂ ਹੋ ਰਿਹਾ, ਤਾਂ ਸਬੰਧਤ DIET ਪ੍ਰਿੰਸੀਪਲ ਨੂੰ ਵੀ ਇਸ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਇਨ੍ਹਾਂ ਦੇ ਨਤੀਜਾ ਕਾਰਡ ਵਿੱਚ ਇਸ ਬਾਰੇ ਟਿੱਪਣੀ ਦਰਜ ਕਰਨੀ ਜਰੂਰੀ ਹੋਵੇਗੀ।

15. ਸਕੂਲਾਂ ਨੂੰ ਵਿਜ਼ਿਟ ਕਰਨ ਵਾਲੇ ਅਧਿਕਾਰੀ ਸਾਹਿਬਾਨ ਸਕੂਲ ਵਿਜ਼ਿਟ ਸਮੇਂ ਸਿੱਖਿਆਰਥੀਆਂ ਦੁਆਰਾ ਬੱਚਿਆਂ ਦੇ ਸਿੱਖਣ ਪੱਧਰਾਂ ਵਿੱਚ ਹੋਏ ਸੁਧਾਰ ਨੂੰ ਵੱਖਰੇ ਤੌਰ ਤੇ ਨੋਟ ਕਰਨਗੇ ਅਤੇ ਇਸ ਸਬੰਧੀ ਆਪਣੀ ਟਿੱਪਣੀ ਦੇਣਗੇ।

ਚਲਦਾ ਪੰਨਾਂ...3...

16. ਟੀਚਿੰਗ ਪ੍ਰੈਕਟਿਸ ਲਗਾਉਣ ਵਾਲੇ ਸਿੱਖਿਆਰਥੀ ਅਲਾਟ ਹੋਏ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੀ ਹਾਜਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਅਤੇ / ਪ੍ਰਾਈਵੇਟ ਸੈਲਫ਼ ਫਾਇਨਾਂਸਡ ਕਾਲਜ ਵਿਖੇ ਹੀ ਦੇਣਗੇ ਅਤੇ ਕੋਰਸ ਨਾਲ ਸਬੰਧਤ ਥਿਊਰੀ ਕਲਾਸਾਂ ਲਗਾਉਣਗੇ।
17. ਜੇਕਰ ਇਨ੍ਹਾਂ ਸਿੱਖਿਆਰਥੀਆਂ ਦੇ ਕੰਮ ਵਿੱਚ ਮਿਸ਼ਨ ਸਮਰੱਥ ਵਿੱਚ ਦਿੱਤੇ ਟੀਚੇ ਅਨੁਸਾਰ ਸੁਧਾਰ ਨਹੀਂ ਕੀਤਾ ਗਿਆ ਤਾਂ ਇਨ੍ਹਾਂ ਸਿੱਖਿਆਰਥੀਆਂ ਦੇ ਟੀਚਿੰਗ ਪ੍ਰੈਕਟਿਸ ਸਬੰਧੀ ਨਤੀਜਾ ਕਾਰਡ ਵਿੱਚ ਸਕੂਲ ਮੁਖੀ ਇਸ ਬਾਰੇ ਟਿੱਪਣੀ ਜਰੂਰ ਦੇਣਗੇ।
18. ਟੀਚਿੰਗ ਪ੍ਰੈਕਟਿਸ ਦੌਰਾਨ ਸਿੱਖਿਆਰਥੀਆਂ ਦਾ ਪੂਰਾ ਧਿਆਨ ਵਿੱਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨਾ ਹੋਵੇਗਾ। ਇਸ ਲਈ ਵਿਦਿਆਰਥੀਆਂ ਦੇ ਸਿੱਖਣ ਪੱਧਰ ਦਾ ਰਿਕਾਰਡ ਸਿੱਖਿਆਰਥੀਆਂ ਦੀ ਡਾਇਰੀ ਵਿੱਚ ਜਰੂਰ ਦਰਜ ਹੋਵੇ। ਸਿੱਖਿਆਰਥੀ ਇਸ ਬਾਰੇ ਸੂਚਨਾ ਸਕੂਲ ਮੁੱਖੀ ਅਤੇ ਸਕੂਲ ਵਿਜ਼ਿਟ ਕਰਨ ਵਾਲੇ ਅਧਿਕਾਰੀ ਸਾਹਿਬਾਨ ਨੂੰ ਜਰੂਰ ਦੇਣਗੇ।
19. ਸਿੱਖਿਆਰਥੀਆਂ ਦੀ ਦੋ ਰੋਜ਼ਾ ਟ੍ਰੇਨਿੰਗ ਦਾਖਲੇ ਵਾਲੇ ਜਿਲ੍ਹੇ ਦੀ ਸਬੰਧਤ ਡਾਇਟ ਟੀਚਿੰਗ ਪ੍ਰੈਕਟਿਸ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਪੱਧਰ ਤੇ ਕਰਵਾਏਗੀ।
20. ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲ ਮੁਖੀ ਇਹ ਯਕੀਨੀ ਬਣਾਉਣ ਕਿ ਸਿੱਖਿਆਰਥੀ ਪ੍ਰਤੀ ਮਹੀਨਾ ਕੇਵਲ ਇੱਕ ਛੁੱਟੀ ਅਵੇਲ ਕਰ ਸਕਦੇ ਹਨ।
21. ਸਰਕਾਰ ਵੱਲੋਂ ਸਮਰੱਥ ਪ੍ਰੋਜੈਕਟ ਸ਼ੁਰੂ ਕੀਤਾ ਜਾ ਚੁੱਕਾ ਹੈ। ਪ੍ਰੋਜੈਕਟ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੇ ਅਧਿਆਪਕ ਟ੍ਰੇਨਿੰਗ ਲੈਂਦੇ ਹੋਏ ਟੀਚਿੰਗ ਪ੍ਰੈਕਟਿਸ ਵਾਲੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਦੌਰਾਨ ਇਸ ਪ੍ਰੋਜੈਕਟ ਸਬੰਧੀ ਟ੍ਰੇਨਿੰਗ ਦੇਣਗੇ।
22. ਉਕਤ ਤੋਂ ਇਲਾਵਾ ਸੈਸ਼ਨ 2021-23 (ਸਾਲ ਦੂਜਾ) ਦੇ ਸਿੱਖਿਆਰਥੀ ਜਿਨ੍ਹਾਂ ਵੱਲੋਂ ਕਿਸੇ ਮਜਬੂਰੀ ਕਾਰਨ ਆਪਣੀ ਟੀਚਿੰਗ ਪ੍ਰੈਕਟਿਸ ਨਹੀਂ ਲਗਾਈ ਗਈ ਉਨ੍ਹਾਂ ਨੂੰ ਸੈਸ਼ਨ 2022-24 (ਸਾਲ ਦੂਜਾ) ਨਾਲ ਟੀਚਿੰਗ ਟੀਚਿੰਗ ਪ੍ਰੈਕਟਿਸ ਲਗਾਉਣ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਸਿੱਖਿਆਰਥੀਆਂ ਦੀ ਕਲਾਸਰੂਮ ਟੀਚਿੰਗ ਪੂਰੀ ਹੋਵੇ। ਇਸ ਨੂੰ DIET ਪ੍ਰਿੰਸੀਪਲ ਵੱਲੋਂ ਚੈੱਕ ਕਰਨਾ ਯਕੀਨੀ ਬਣਾਇਆ ਜਾਵੇਗਾ।
23. NCTE ਅਤੇ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਟੀਚਿੰਗ ਪ੍ਰੈਕਟਿਸ ਲਈ ਘੱਟੋ ਘੱਟ 90 ਪ੍ਰਤੀਸ਼ਤ ਹਾਜਰੀ ਲਾਜਮੀ ਹੈ। ਇਸ ਵਿੱਚ ਕਿਸੇ ਪ੍ਰਕਾਰ ਦੀ ਕੋਈ ਵੀ ਛੋਟ ਨਹੀਂ ਦਿੱਤੀ ਜਾ ਸਕਦੀ। ਟੀਚਿੰਗ ਪ੍ਰੈਕਟਿਸ ਦੇ ਦਿਨ ਘਟਣ ਦੀ ਸੂਰਤ ਵਿੱਚ ਸਿੱਖਿਆਰਥੀ ਅਗਲੇ ਵਿੱਦਿਅਕ ਵਰ੍ਹੇ ਵਿੱਚ ਹੀ ਮੁੜ ਦਾਖਲਾ ਲੈਕੇ ਟੀਚਿੰਗ ਪ੍ਰੈਕਟਿਸ ਲਗਾ ਸਕਣਗੇ, ਉਹ ਵੀ ਕੇਵਲ ਇਸ ਸ਼ਰਤ ਤੇ ਕਿ ਸਿੱਖਿਆਰਥੀ ਨੇ ਕੇਵਲ ਇੱਕ ਵਾਰ ਹੀ ਮੁੜ ਦਾਖਲਾ ਲਿਆ ਹੋਵੇ , ਕਿਉਂਕਿ NCTE ਦੀਆਂ ਹਦਾਇਤਾਂ ਮੁਤਾਬਕ ਇਸ ਕੋਰਸ ਨੂੰ ਪੂਰਾ ਕਰਨ ਦੀ ਵੱਧ ਤੋਂ ਵੱਧ ਮਿਆਦ ਤਿੰਨ ਸਾਲ ਹੈ।

ਉਪਰਕੋਤ ਹੁਕਮਾਂ ਦੀ ਸਮੂਹ ਪ੍ਰਿੰਸੀਪਲਜ਼ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਸੈਲਫ ਫਾਇਨਾਂਸਡ ਕਾਲਜ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਅਮਨਿੰਦਰ ਕੌਰ

ਡਾਇਰੈਕਟਰ ਐੱਸ.ਸੀ.ਈ.ਆਰ.ਟੀ.ਪੰਜਾਬ।

ਚਲਦਾ ਪੰਨਾਂ...4...

ਪਿੱਠ ਅੰਕਣ ਨੰ: ਉਕਤ

ਮਿਤੀ: ਐੱਸ.ਏ.ਐੱਸ. ਨਗਰ 23/4/24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:

1) ਪੀ.ਏ. ਟੂ ਸਕੱਤਰ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ।
2) ਪੀ.ਏ. ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।
3) ਪੀ.ਏ. ਟੂ ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ।
4) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਪੰਜਾਬ।
5) ਸਮੂਹ ਪ੍ਰਿੰਸੀਪਲਜ਼ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਪੰਜਾਬ।
6) ਸਮੂਹ ਸਕੂਲ ਮੁੱਖੀ ਸਰਕਾਰੀ ਮਿਡਲ/ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ, ਪੰਜਾਬ।
7) ਸਮੂਹ ਪ੍ਰਿੰਸੀਪਲਜ਼ ਸੈਲਫ ਫਾਇਨਾਂਸਡ ਕਾਲਜਾਂ, ਪੰਜਾਬ ਰਾਜ।
8) ਸਹਾਇਕ ਡਾਇਰੈਕਟਰ (ਪ੍ਰੀਖਿਆਵਾਂ)

ਸਹਾਇਕ ਡਾਇਰੈਕਟਰ (ਐਫੀਲਿਏਸ਼ਨ)